# President of India attends a Special Programme to mark the golden jubilee of the Independence of Bangladesh and the conclusion of "Mujib Borsho" celebrations

December 17,
2021

## ਭਾਰਤੀ ਰਾਸ਼ਟਰਪਤੀ ਬੰਗਲਾਦੇਸ਼ ਦੀ ਆਜ਼ਾਦੀ ਦੀ ਗੋਲਡਨ ਜੁਬਲੀ  ਅਤੇ "ਮੁਜੀਬ ਬੋਰਸ਼ੋ" ਦੇ ਜਸ਼ਨਾਂ ਦੀ ਸਮਾਪਤੀ ਦੇ ਵਿਸ਼ੇਸ਼ ਸਮਾਰੋਹ  ਵਿੱਚ ਸ਼ਾਮਲ ਹੋਏ

**17 ਦਸੰਬਰ, 2021**

**ਭਾਰਤ ਦੇ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਨੇ ਕਹਿਾ, 'ਬੰਗਲਾਦੇਸ਼ ਦੀ ਆਜ਼ਾਦੀ ਦੀ ਇਤਹਿਾਸਕ 50ਵੀ ਵਰ੍ਹੇਗੰਢ 'ਤੇ ਮੈਂ ਤੁਹਾਨੂੰ ਭਾਰਤ ਦੇ 1.3 ਅਰਬ ਭੈਣਾਂ-ਭਰਾਵਾਂ ਵੱਲੋਂ ਤਿਉਹਾਰੀ ਮੌਸਮ  ਦੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ।“**

ਉਹ ਅੱਜ ਸ਼ਾਮ (16 ਦਸੰਬਰ, 2021) ਬੰਗਲਾਦੇਸ਼ ਦੀ ਰਾਸ਼ਟਰੀ ਸੰਸਦ ਵਿੱਚ ਬੰਗਲਾਦੇਸ਼ ਦੀ ਆਜ਼ਾਦੀ ਦੀ ਗੋਲਡਨ ਜੁਬਲੀ ਅਤੇ "ਮੁਜੀਬ ਬੋਰਸ਼ੋ"  ਸਮਾਰੋਹ ਦੀ ਸਮਾਪਤੀ ਮੌਕੇ ਹੋਏ ਵਸ਼ਿੇਸ਼  ਸਮਾਰੋਹ ਵਿੱਚ ਬੋਲ ਰਹੇ ਸਨ। ਰਾਸ਼ਟਰਪਤੀ ਨੇ ਕਹਿਾ ਕਿ ਪੰਜਾਹ ਸਾਲ ਪਹਲਿਾਂ ਦੱਖਣ ਏਸ਼ੀਆ ਦਾ ਵਚਿਾਰਧਾਰਕ ਨਕਸ਼ਾ ਅਟਲ ਰੂਪ ਵਿੱਚ ਬਦਲ ਗਆਿ ਅਤੇ ਬੰਗਲਾਦੇਸ਼ ਦੇ ਮਾਣਮੱਤੇ ਰਾਸ਼ਟਰ ਦਾ ਜਨਮ ਹੋਇਆ। ਉਨ੍ਹਾਂ ਨੇ ਬੰਗਲਾਦੇਸ਼ ਦੇ ਲੱਖਾਂ ਲੋਕਾਂ, ਖਾਸ ਕਰਕੇ ਬੇਰਹਮੀ ਨਾਲ ਪੀੜਤ ਧੀਆਂ, ਭੈਣਾਂ ਅਤੇ ਮਾਵਾਂ ਦੇ ਅਣਕਹਿਤ ਦੁੱਖਾਂ ਦੀ ਯਾਦ ਨੂੰ ਸ਼ਰਧਾਂਜਲੀ ਦੱਿਤੀ ਅਤੇ ਕਹਿਾ ਕਿ ਇਹ ਉਨ੍ਹਾਂ ਦੀ ਕੁਰਬਾਨੀ ਅਤੇ ਬੰਗਲਾਦੇਸ਼ ਦੇ ਸਰੋਕਾਰ ਦੇ ਜਾਇਜ਼ ਹੋਣ ਕਾਰਨ ਇਸ ਖੇਤਰ ਅੰਦਰ ਬਦਲਾਅ ਆਇਆ ਹੈ।

ਰਾਸ਼ਟਰਪਤੀ ਨੇ ਕਹਿਾ ਕਿ ਭਾਰਤ ਵਿੱਚ ਬੰਗਲਾਦੇਸ਼ ਦੇ ਸੰਘਰਸ਼ ਨੂੰ ਜੋ ਹਮਦਰਦੀ ਅਤੇ ਜ਼ਮੀਨੀ ਪੱਧਰ ਦਾ ਸਮਰਥਨ ਮਲਿਆਿ ਹੈ, ਉਸ ਵਰਗੀਆਂ ਬਹੁਤ ਘੱਟ ਇਤਹਿਾਸਕ ਉਦਾਹਰਣਾਂ ਹਨ। ਬੰਗਲਾਦੇਸ਼ ਦੇ ਲੋਕਾਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਲੋਕਾਂ ਨੇ ਆਪਣੇ ਦਲਿ ਅਤੇ ਘਰ ਖੋਲ ਦੱਿਤੇ। ਸਾਡੇ ਭੈਣਾਂ-ਭਰਾਵਾਂ ਦੀ ਲੋੜ ਦੀ ਘੜੀ ਵਿੱਚ ਮਦਦ ਕਰਨਾ ਸਾਡਾ ਸਨਮਾਨ ਅਤੇ ਸਾਡੀ ਜ਼ਮਿੇਵਾਰੀ ਸੀ। ਉਨ੍ਹਾਂ ਨੇ ਕਹਿਾ ਕਿ ਇਤਹਿਾਸ ਹਮੇਸ਼ਾ ਸਾਡੀ ਦੋਸਤੀ ਦੀ ਇਸ ਵਲਿੱਖਣ ਨੀਂਹ ਦੀ ਗਵਾਹੀ ਭਰਦਾ ਰਹੇਗਾ, ਜੋ ਬੰਗਲਾਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਯੁੱਧ ਵਿੱਚ ਘੜੀ ਗਈ ਸੀ । ਭਾਰਤ ਅਤੇ ਬੰਗਲਾਦੇਸ਼, ਦੋਵਾਂ ਦੇ ਉਸ ਯੁੱਧ ਨਾਲ ਜੁੜੇ ਸਾਬਕਾ ਸੈਨਕਿ ਉਸ ਭਰੋਸੇ ਅਤੇ ਦੋਸਤੀ ਦੀ ਸ਼ਕਤੀ ਦੇ ਜਉਿਂਦੇ ਜਾਗਦੇ ਗਵਾਹ ਹਨ, ਜੋ ਪਹਾੜਾਂ ਨੂੰ ਹਲਿਾ ਸਕਦੀ ਹੈ।

ਰਾਸ਼ਟਰਪਤੀ ਨੇ ਕਹਿਾ ਕਿ 50 ਸਾਲ ਪਹਲਿਾਂ ਆਜ਼ਾਦ ਬੰਗਲਾਦੇਸ਼ ਦੇ ਸੁਪਨੇ ਨੇ ਲੱਖਾਂ ਲੋਕਾਂ ਨੂੰ ਪ੍ਰੇਰਤਿ ਕੀਤਾ ਸੀ। ਪਰ ਇਹ ਉਦੋਂ ਸ਼ੱਕੀ ਲੋਕਾਂ ਅਤੇ ਵਰਿੋਧੀਆਂ ਨੂੰ ਦੂਰ-ਦੁਰਾਡੇ ਦਾ ਅਤੇ ਅਸੰਭਵ ਸੁਪਨਾ ਜਾਪਦਾ ਸੀ। ਅੰਤਰਰਾਸ਼ਟਰੀ ਸੰਦਰਭ ਅਤੇ ਅਸਲ ਰਾਜਨੀਤਕਿ ਆਜ਼ਾਦੀ ਦੀਆਂ ਸੰਭਾਵਨਾਵਾਂ ਨੂੰ ਨਕਾਰਦਾ ਜਾਪਦਾ ਸੀ। ਪਰ ਬੰਗਬੰਧੂ ਦੀ ਪ੍ਰੇਰਨਾਦਾਇਕ ਰਾਜ ਸ਼ਕਤੀ, ਉਨ੍ਹਾਂ ਦੀ ਸਪਸ਼ਟ ਦ੍ਰਸ਼ਿਟੀ ਵਾਲਾ ਨੈਤਕਿ ਵਸ਼ਿਵਾਸ ਅਤੇ ਪੂਰਬੀ ਪਾਕਸਿਤਾਨ ਦੇ ਲੋਕਾਂ ਲਈ ਨਆਿਂ ਦੀ ਮੰਗ ਕਰਨ ਦੇ ਉਨ੍ਹਾਂ ਦੇ ਅਟੁੱਟ, ਦ੍ਰੜ੍ਹ ਇਰਾਦੇ ਨੇ ਪਾਸਾ ਹੀ ਪਲਟ ਦੱਿਤਾ।

ਰਾਸ਼ਟਰਪਤੀ ਨੇ ਕਹਿਾ ਕਿ ਬੰਗਬੰਧੂ ਦਾ ਦ੍ਰਸ਼ਿਟੀਕੋਣ ਅਜਹਿ ਬੰਗਲਾਦੇਸ਼ ਦਾ ਸੀ ਜੋ ਨਾ ਸਰਿਫ਼ ਸਆਿਸੀ ਤੌਰ 'ਤੇ ਆਜ਼ਾਦ ਹੋਵੇ, ਸਗੋ ਅਜਹਿ ਰਾਸ਼ਟਰ ਦਾ ਵੀ ਸੀ ਜੋ ਬਰਾਬਰੀ ਵਾਲਾ ਅਤੇ ਸਮਾਵੇਸ਼ੀ ਹੋਵੇ। ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਦੇ ਜੀਵਨ ਕਾਲ ਵਚਿ ਉਨ੍ਹਾਂ ਦਾ ਦਰਸ਼ਨ ਸਾਕਾਰ ਨਹੀ ਕੀਤਾ ਜਾ ਸਕਆਿ। ਆਜ਼ਾਦੀ ਵਰਿੋਧੀ ਤਾਕਤਾਂ, ਜਨ੍ਹਿਾਂ ਨੇ ਬੰਗਬੰਧੂ ਅਤੇ ਉਨ੍ਹਾਂ ਦੇ ਪਰਵਿਾਰ ਦੇ ਜ਼ਆਿਦਾਤਰ ਮੈਂਬਰਾਂ ਨੂੰ ਬੇਰਹਮੀ ਨਾਲ ਮਾਰਆਿ ਸੀ, ਨੂੰ ਇਹ ਅਹਸਾਸ ਨਹੀ ਸੀ ਕਿ ਗੋਲੀਆਂ ਅਤੇ ਹਸਿਾ ਉਸ ਵਚਿਾਰ ਨੂੰ ਨਹੀ ਬੁਝਾ ਸਕਦੇ ਜਸਿ ਨੇ ਲੋਕਾਂ ਦੇ ਮਨਾਂ ਉੱਤੇ ਕਬਜ਼ਾ ਕਰ ਲਆਿ ਹੈ। ਰਾਸ਼ਟਰਪਤੀ ਨੇ ਕਹਿਾ ਕਿ ਅੱਜ ਬੰਗਲਾਦੇਸ਼ ਦੇ ਮਹਿਨਤੀ ਅਤੇ ਉੱਦਮੀ ਲੋਕ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਅਗਵਾਈ ਵੱਚਿ ਬੰਗਬੰਧੂ ਦੇ ਇਹਨਾਂ ਆਦਰਸ਼ਾਂ ਨੂੰ ਸਾਕਾਰ ਕਰ ਰਹੇ ਹਨ।

ਰਾਸ਼ਟਰਪਤੀ ਨੇ ਕਹਿਾ ਕਿ ਅਸੀ ਪਛਿਲੇ ਇੱਕ ਦਹਾਕੇ ਵੱਚਿ ਬੰਗਲਾਦੇਸ਼ ਦੁਆਰਾ ਪ੍ਰਾਪਤ ਕੀਤੇ ਗਏ ਸ਼ਲਾਘਾ ਯੋਗ ਆਰਥਕਿ ਵਕਿਾਸ ਨੂੰ ਦੇਖਆਿ ਹੈ, ਜਸਿ ਨਾਲ ਇਸਦੇ ਨਾਗਰਕਿਾਂ ਲਈ ਆਪਣੀ ਪੂਰੀ ਸਮਰੱਥਾ ਦਾ ਅਹਸਾਸ ਕਰਨ ਦੇ ਮੌਕੇ ਵੀ ਪੈਦਾ ਹੋਏ ਹਨ। ਉਨ੍ਹਾਂ  ਨੇ ਕਹਿਾ ਕਿ ਬੰਗਲਾਦੇਸ਼ ਦੀ ਸ਼ਾਨਦਾਰ ਆਰਥਕਿ ਕਾਰਗੁਜ਼ਾਰੀ ਅਤੇ ਭੂਗੋਲਕਿ ਫਾਇਦੇ ਨਾਲ ਪੂਰੇ ਉਪ-ਮਹਾਂਦ੍ਵੀਪ ਅਤੇ ਦੁਨੀਆਂ ਨੂੰ ਲਾਭ ਹੋ ਸਕਦਾ ਹੈ। ਅੰਤਰਰਾਸ਼ਟਰੀ ਮਾਹਰਾਂ ਦਰਮਆਿਨ ਇਸ ਤੱਥ ਬਾਰੇ ਵਧ ਰਹੀ ਮਾਨਤਾ ਹੈ ਕਿ ਨਜ਼ਦੀਕੀ ਉਪ-ਮਹਾਂਦ੍ਵੀਪੀ ਵਪਾਰ, ਆਰਥਕਿ ਸਹਯਿੋਗ ਅਤੇ ਸੰਪਰਕ ਸ਼ੋਨਾਰ ਬੰਗਲਾ ਦਾ ਉਦੇਸ਼ ਘੱਟ ਤੋ ਘੱਟ ਸਮੇ ਵੱਚਿ ਪ੍ਰਾਪਤ ਕਰਨ ਦੀ ਪ੍ਰਕਰਿਆਿ ਨੂੰ ਤੇਜ਼ ਕਰਨ ਵੱਚਿ ਮਦਦ ਕਰੇਗਾ।

ਰਾਸ਼ਟਰਪਤੀ ਨੇ ਕਹਿਾ ਕਿ ਭਾਰਤ ਨੇ ਹਮੇਸ਼ਾ ਬੰਗਲਾਦੇਸ਼ ਨਾਲ ਆਪਣੀ ਦੋਸਤੀ ਨੂੰ ਸਭ ਤੋ ਵੱਧ ਤਰਜੀਹ ਦੱਿਤੀ ਹੈ। ਅਸੀ ਆਪਣੀ ਦੋਸਤੀ ਦੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਵੱਚਿ ਮਦਦ ਕਰਨ ਲਈ ਹਰ ਸੰਭਵ ਕੋਸ਼ਸ਼ਿ ਕਰਨ ਪ੍ਰਤੀ ਵਚਨਬੱਧ ਰਹਦਿੇ ਹਾਂ। ਹਾਲੀਆ ਸਾਲਾਂ ਵੱਚਿ ਅਸੀ ਵਪਾਰ, ਆਰਥਕਿ ਸਹਯਿੋਗ,ਲੋਕ -ਪੱਧਰੀ  ਸਬੰਧਾਂ, ਵਦਿਆਿਰਥੀਆਂ ਦੇ ਵਟਾਂਦਰੇ ਅਤੇ ਗਤੀਵਧੀ ਦੇ ਕਈ ਖੇਤਰਾਂ ਵੱਚਿ ਵਆਿਪਕ ਸਬੰਧਾਂ ਦਾ ਲਗਾਤਾਰ  ਵਸਿਤਾਰ ਹੁੰਦਾ ਦੇਖਆਿ ਹੈ। ਇਹ ਟਕਾਊ, ਡੂੰਘੀ ਦੋਸਤੀ ਦੀ ਮਸਿਾਲ ਹਨ, ਜੋ ਆਪਸੀ ਸਨਮਾਨ, ਪ੍ਰਭੂਸੱਤਾ, ਸਮਾਨਤਾ ਅਤੇ ਸਾਡੇ ਲੰਮੇ ਸਮੇ ਦੇ ਹੱਿਤਾਂ 'ਤੇ ਆਧਾਰਤਿ ਹਨ।

ਰਾਸ਼ਟਰਪਤੀ ਨੇ ਕਹਿਾ ਕਿ ਜੇਕਰ ਭਾਰਤ-ਬੰਗਲਾਦੇਸ਼ ਦੀ ਸਾਂਝੇਦਾਰੀ ਦੇ ਪਹਲਿੇ 50 ਸਾਲ ਅਸਾਧਾਰਨ ਚੁਣੌਤੀਆਂ ਨੂੰ ਪਾਰ ਕਰਕੇ ਸਾਡੇ ਲੋਕਾਂ ਵਚਿਕਾਰ ਡੂੰਘੀ ਦੋਸਤੀ ਪੈਦਾ ਕਰ ਸਕਦੇ ਹਨ ਤਾਂ ਸ਼ਾਇਦ ਇੰਨਾਂ ਨੂੰ ਹੋਰ ਵੀ ਉੱਚਾ ਚੁੱਕਣ ਦਾ ਸਮਾਂ ਆ ਗਆਿ ਹੈ। ਇਸ ਦੀ ਪ੍ਰਾਪਤੀ ਲਈ ਸਾਡੇ ਕਾਰੋਬਾਰਾਂ, ਸਾਡੇ ਅਕਾਦਮਕਿ ਅਤੇ ਖਾਸ ਤੌਰ 'ਤੇ ਸਾਡੇ ਨੌਜਵਾਨਾਂ ਨੂੰ ਵਚਿਾਰਾਂ, ਰਚਨਾਤਮਕਤਾ, ਵਣਜ ਅਤੇ ਤਕਨਾਲੋਜੀ ਦੀ ਦੁਨੀਆ ਵੱਚਿ ਸਾਂਝੇ ਤੌਰ 'ਤੇ ਵਸ਼ਿਵ ਪੱਧਰ 'ਤੇ ਮੋਹਰੀ ਪਹਲਿਕਦਮੀਆਂ ਕਰਨ ਵੱਲ ਪ੍ਰੇਰਤਿ ਕੀਤਾ ਜਾਣਾ ਚਾਹੀਦਾ ਹੈ। ਸਾਨੂੰ ਆਪਣੇ ਵਚਿਾਰਕਾਂ ਨੂੰ ਸਾਡੀਆਂ ਆਪਣੀਆਂ ਵਲਿੱਖਣ ਸਫਲਤਾ ਦੀਆਂ ਕਹਾਣੀਆਂ ਦਾ ਲਾਭ ਉਠਾਉਣ, ਸਾਡੇ ਖੇਤਰੀ ਸੰਦਰਭ ਵੱਚਿ ਢੁਕਵੇਂਸਰਬੋਤਮ ਵਚਿਾਰਾਂ ਨੂੰ ਲੱਭਣ ਲਈ ਬੇਨਤੀ ਕਰਨੀ ਚਾਹੀਦੀ ਹੈ। ਇਕੱਠੇ ਮਲਿ ਕੇ ਅਸੀ ਵਚਿਾਰਾਂ ਅਤੇ ਨਵੀਨਤਾ ਦੇ ਸਹਜਿ ਪ੍ਰਵਾਹ ਲਈ ਮੌਕੇ ਪੈਦਾ ਕਰ ਸਕਦੇ ਹਾਂ ਕਉਿਂਕ ਅਸੀ ਇੰਟਰ ਕੁਨੈਕਟਵਿਟਿੀ ਦੇ ਨਵੇਂ ਯੁੱਗ ਵੱਚਿ ਦਾਖਲ ਹੋ ਰਹੇ ਹਾਂ। ਅਤੇ ਸਾਡੇ ਕਾਰੋਬਾਰਾਂ ਨੂੰ ਉਤਪਾਦਨ ਅਤੇ ਟ੍ਰਾਂਸਪੋਰਟ ਕਨੈਕਟੀਵਟਿੀ ਦੀ ਡੂੰਘੀ-ਏਕੀਕ੍ਰਤਿ ਸਪਲਾਈ ਚੇਨ ਦੇ ਦ੍ਰਸ਼ਿਟੀਕੋਣ ਨੂੰ ਸਾਕਾਰ ਕਰਨ ਲਈ ਉਤਸ਼ਾਹਤਿ ਕੀਤਾ ਜਾਣਾ ਚਾਹੀਦਾ ਹੈ, ਜਸਿ ਨਾਲ ਸਾਡੇ ਉਪ-ਮਹਾਂਦ੍ਵੀਪ  ਨੂੰ ਵਸ਼ਿਵ ਦੇ ਸਭ ਤੋ ਵੱਡੇ ਉਤਪਾਦਨ ਕੇਂਦਰਾਂ ਵੱਚਿੋ ਇੱਕ ਬਣਨ ਅਤੇ ਵਸਤੂਆਂ ਅਤੇ ਸੇਵਾਵਾਂ ਲਈ ਵਸ਼ਿਵ ਦਾ ਸਭ ਤੋ ਵੱਡਾ ਬਾਜ਼ਾਰ ਬਣਨ ਦੇ ਯੋਗ ਬਣਾਇਆ ਜਾ ਸਕੇ।

ਇਸ ਤੋ ਪਹਲਿਾਂ ਸਵੇਰੇ ਢਾਕਾ ਵੱਚਿ ਪਰੇਡ ਗਰਾਊਂਡ ਵਖਿ ਰਾਸ਼ਟਰਪਤੀ ਨੇ ਰਾਸ਼ਟਰੀ ਵਜਿੇ ਦਵਿਸ ਪਰੇਡ 'ਚ ਸਨਮਾਨਤ ਮਹਮਿਾਨ ਵਜੋ ਸ਼ਰਿਕਤ ਕੀਤੀ। ਇਸ ਸਮਾਰੋਹ ਵੱਚਿ ਭਾਰਤੀ ਹਥਆਿਰਬੰਦ ਬਲਾਂ ਦੀ 122 ਮੈਂਬਰੀ ਤਨਿ ਸੇਵਾਵਾਂ ਦੀ ਟੁਕੜੀ ਨੇ ਵੀ ਹੱਿਸਾ ਲਆਿ।

ਕੱਲ੍ਹ ਰਾਸ਼ਟਰਪਤੀ ਢਾਕਾ ਵੱਚਿ ਮੁਰੰਮਤ ਕੀਤੇ ਗਏ ਰਮਨਾ ਕਾਲੀ ਮੰਦਰ ਦਾ ਉਦਘਾਟਨ ਕਰਨਗੇ ਅਤੇ ਨਵੀ ਦੱਲਿੀ ਲਈ ਰਵਾਨਾ ਹੋਣ ਤੋਂ ਪਹਲਿਾਂ ਬੰਗਲਾਦੇਸ਼ ਵੱਚਿ ਭਾਰਤ ਦੇ ਹਾਈ ਕਮਸ਼ਿਨਰ ਦੁਆਰਾ ਕਰਾਏ ਜਾਣ ਵਾਲੇ ਭਾਰਤੀ ਭਾਈਚਾਰੇ ਅਤੇ ਭਾਰਤ ਦੇ ਮੱਤਿਰਾਂ ਦੇ ਰਸਿੈਪਸ਼ਨ ਨੂੰ ਵੀ ਸੰਬੋਧਨ ਕਰਣਗੇ ।

**ਢਾਕਾ**
**17 ਦਸੰਬਰ, 2021**

DISCLAIMER: This is an approximate translation. The original is available in English on MEA's website and may be referred to as the official press release.